ਪੰਜਾਬ ਸਕੂਲ ਸਿੱਖਿਆ ਬੋਰਡ

ਨੋਟੀਫਿਕੇਸ਼ਨ

09/11/2020

ਨੋਟੀ. ਨੰ. (40108)346-**ਪਸਸਬ**-5 **ਅਸ-ਕੋ.ਸੈੱਲ**-2020/2705 **ਮਿਤੀ: ਸਾਹਿਬਜਾਦਾ ਅਜੀਤ ਸਿੰਘ ਨਗਰ**

**ਬੋਰਡ ਦੀ ਇਕੱਤਰਤਾ ਮਿਤੀ** 17.11.2016 **ਮੱਦ ਨੰ.** 8(1) **ਰਾਹੀਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਸਰਕਾਰ, ਵਿੱਤ ਵਿਭਾਗ, ਕਰਜ਼ਾ ਸ਼ਾਖਾ ਵੱਲੋਂ ਜਾਰੀ ਪੱਤਰ ਨੰ. ਵਿ.ਵਿ.ਕਰਜ਼ਾ-ਭ.ਅ.** (**ਕਰਜ਼ਾ**)/93/2020/7215 **ਮਿਤੀ** 02.11.2020 **ਬੋਰਡ ਦਫਤਰ ਵਿੱਚ ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਮਿਤੀ**: 06.11.2020 — **ਚੇਅਰਮੈਨ**

**ਸਾਹਿਬਜਾਦਾ ਅਜੀਤ ਸਿੰਘ ਨਗਰ** — **ਪੰਜਾਬ ਸਕੂਲ ਸਿੱਖਿਆ ਬੋਰਡ**

09/11/2020

**ਪਿੱਠ ਅੰਕਣ ਨੰ. ਪਸਸਬ**-5 **ਅਸ-ਕੋ.ਸੈੱਲ**-2020/2706 **ਮਿਤੀ: ਸਾਹਿਬਜਾਦਾ ਅਜੀਤ ਸਿੰਘ ਨਗਰ**

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿ.ਸ/ ਚੇਅਰਮੈਨ, ਸ.ਸ.ਸ/ ਵਾਈਸ ਚੇਅਰਮੈਨ, ਨਿ.ਸ/ ਸਕੱਤਰ ਨੂੰ ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2. ਸੰਯੁਕਤ ਸਕੱਤਰ (ਜ)/ ਕੰਟਰੋਲਰ, ਪ੍ਰੀਖਿਆਵਾਂ;
3. ਸੀਨੀਅਰ ਆਡੀਟਰ (ਆਡਿਟ ਵਿੰਗ);
4. ਸਹਾਇਕ ਸਕੱਤਰ (ਅਮਲਾ-2, ਲੇਖਾ);
5. ਸੁਪਰਡੰਟ (ਸੈਲਰੀ);
6. ਰਿਕਾਰਡਰ,ਅਮਲਾ;

ਪੰਜਾਬ ਸਕੂਲ ਸਿੱਖਿਆ ਬੋਰਡ।

Akm 09/11/2020

ਸੁਪਰਡੰਟ (ਅਮਲਾ-2)

ਵਾ: ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ।

123967/2020/DISPATCH-ESTABLISHMENT-PSEB

121183/2020/ASO 01-ESTABLISHMENT-PSEB



ਨੰ: ਵਿ:ਵਿ: ਕਰਜ਼ਾ-ਬ.ਪ.(ਕਰਜ਼ਾ)/93/2020/ 725

ਪੰਜਾਬ ਸਰਕਾਰ, ਵਿੱਤ ਵਿਭਾਗ

(ਕਰਜ਼ਾ ਸ਼ਾਖਾ)

ਵਿੱਤ ਤੇ ਯੋਜਨਾ ਭਵਨ, ਪਲਾਟ ਨੰ: 2, ਸੈਕਟਰ 33-ਏ, ਚੰਡੀਗੜ੍ਹ।

ਵੱਲ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ, ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਡਿਪਟੀ ਕਮਿਸ਼ਨਰ।

ਮਿਤੀ, ਚੰਡੀਗੜ੍ਹ: ੨-੧੧-੨੦੨੦

ਵਿਸ਼ਾ: ਸਾਲ 2020-21 ਵਿੱਚ ਦਰਜਾ-4 (ਗਰੁੱਪ-ਡੀ) ਕਰਮਚਾਰੀਆਂ ਨੂੰ ਤਿਉਹਾਰ ਲਈ ਕਰਜ਼ਾ।

ਸ੍ਰੀ ਮਾਨ ਜੀ,

ਪੰਜਾਬ ਸਰਕਾਰ ਨੇ ਆਪਣੇ ਦਰਜਾ-4 (ਗਰੁੱਪ-ਡੀ) ਕਰਮਚਾਰੀਆਂ ਨੂੰ ਤਿਉਹਾਰ ਲਈ ਸੂਦ ਰਹਿਤ 7000/- ਰੁਪਏ (ਸੱਤ ਹਜ਼ਾਰ ਰੁਪਏ ਕੇਵਲ) ਸਾਲ 2020-21 ਦੌਰਾਨ ਬਤੌਰ ਕਰਜ਼ਾ ਦੇਣ ਦਾ ਫੈਸਲਾ ਕੀਤਾ ਹੈ। ਇਹ ਰਕਮ ਮਿਤੀ 12.11.2020 ਤੱਕ ਕਢਵਾਈ ਜਾ ਸਕੇਗੀ। ਇਹ ਕਰਜ਼ਾ 5 ਬਰਾਬਰ ਮਹੀਨਾਵਾਰ ਕਿਸ਼ਤਾਂ ਵਿੱਚ ਵਸੂਲਿਆ ਜਾਵੇਗਾ। ਇਸ ਦੀ ਵਸੂਲੀ ਦਸੰਬਰ, 2020 ਦੀ ਤਨਖਾਹ ਤੋਂ ਸ਼ੁਰੂ ਹੋ ਜਾਵੇਗੀ। ਇਹ ਕਰਜ਼ਾ ਸਿਰਫ਼ ਰੈਗੂਲਰ ਦਰਜਾ-4 (ਗਰੁੱਪ-ਡੀ) ਕਰਮਚਾਰੀਆਂ ਨੂੰ ਹੀ ਮਿਲੇਗਾ। ਦਿਹਾੜੀਦਾਰ, ਵਰਕਚਾਰਜ਼ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ। ਜਿਹੜੇ ਕਰਮਚਾਰੀ ਆਰਜ਼ੀ ਹਨ, ਉਹਨਾਂ ਨੂੰ ਕਰਜ਼ਾ ਦੇਣ ਤੋਂ ਪਹਿਲਾਂ ਡਿਸਬਰਸਿੰਗ ਅਫ਼ਸਰ ਆਪਣੀ ਤਸੱਲੀ ਦੀ ਜ਼ਾਮਨੀ ਲੈ ਲੈਣ ਤਾਂ ਜੋ ਇਹ ਕਰਜ਼ਾ ਪੂਰਾ ਸੁਰੱਖਿਅਤ ਹੋਵੇ ਅਤੇ ਨਿਰਧਾਰਿਤ ਸਮੇਂ ਅਨੁਸਾਰ ਵਸੂਲੀ ਹੋ ਸਕੇ।

3927/20
3/11/2020

2. ਇਸ ਕਰਜ਼ੇ ਦੀ ਮੰਨਜ਼ੂਰੀ ਜਾਰੀ ਕਰਨ ਦਾ ਅਧਿਕਾਰ ਡਿਸਬਰਸਿੰਗ ਅਫ਼ਸਰ ਨੂੰ ਹੋਵੇਗਾ ਅਤੇ ਉਹ ਮੰਨਜ਼ੂਰੀ ਜਾਰੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲਵੇਗਾ ਕਿ ਕਰਮਚਾਰੀ ਉਤਨੇ ਸਮੇਂ ਲਈ ਸੇਵਾ ਵਿੱਚ ਰਹੇਗਾ ਜਿਨ੍ਹਾਂ ਸਮਾਂ ਇਸ ਕਰਜ਼ੇ ਦੀ ਵਸੂਲੀ ਲਈ ਨਿਸ਼ਚਿਤ ਕੀਤਾ ਗਿਆ ਹੈ।

3. ਕਰਜ਼ੇ ਦੀ ਰਕਮ ਨਾਨ-ਪਲਾਨ ਸਾਈਡ ਤੇ ਹੈਡ "7610-ਸਰਕਾਰੀ ਕਰਮਚਾਰੀਆਂ ਨੂੰ ਕਰਜ਼ੇ ਆਦਿ-800-ਹੋਰ ਕਰਜ਼ੇ ਆਦਿ-01 ਫੈਸਟੀਵਲ ਐਡਵਾਂਸ-55-ਕਰਜ਼ੇ ਅਤੇ ਪੇਸ਼ਗੀਆਂ" ਅਧੀਨ ਬੁੱਕ ਕੀਤੀ ਜਾਵੇਗੀ। ਇਸ ਦੀ ਮਾਹਵਾਰੀ ਵਸੂਲੀ ਕਾਊਂਟਰਪਾਰਟਿੰਗ ਰਸੀਟ ਹੈਡ "7610-ਸਰਕਾਰੀ ਕਰਮਚਾਰੀਆਂ ਨੂੰ ਕਰਜ਼ੇ ਆਦਿ-800-ਹੋਰ ਕਰਜ਼ੇ ਆਦਿ-01 ਫੈਸਟੀਵਲ ਐਡਵਾਂਸ-55-ਕਰਜ਼ੇ ਅਤੇ ਪੇਸ਼ਗੀਆਂ/ਪ੍ਰਾਪਤੀਆਂ" ਨੂੰ ਬੁੱਕ ਕੀਤੀ ਜਾਵੇਗੀ।

4. ਇਸ ਕਰਜ਼ੇ ਸਬੰਧੀ ਵਿਅਕਤੀਗਤ ਲੇਖਾ ਜੋਖਾ ਡਿਸਬਰਸਿੰਗ ਅਫ਼ਸਰ ਰੱਖੇਗਾ ਅਤੇ ਉਹ ਆਪਣੇ ਪੱਧਰ ਤੇ ਇਹ ਯਕੀਨੀ ਬਣਾਏਗਾ ਕਿ ਕਰਜ਼ੇ ਦੀ ਵਸੂਲੀ ਉਪਰੋਕਤ ਵਰਣਨ ਅਨੁਸਾਰ ਕੀਤੀ ਗਈ ਹੈ। ਇਸ ਕਰਜ਼ੇ ਦੀ ਵਸੂਲੀ ਸਬੰਧੀ ਹਰ ਤਨਖਾਹ ਦੇ ਬਿੱਲ ਨਾਲ ਅਲੱਗ ਸ਼ਡਿਊਲ ਲਗਾਇਆ ਜਾਵੇਗਾ ਜਿਸ ਵਿੱਚ ਕਰਮਚਾਰੀ ਵਾਈਜ਼ ਕਰਜ਼ੇ ਦੀ ਕੁੱਲ ਰਕਮ, ਮੌਜੂਦਾ ਬਿੱਲ ਵਿੱਚ ਕੀਤੀ ਕਟੌਤੀ ਅਤੇ ਬਕਾਇਆ ਵਿਖਾਇਆ ਜਾਵੇਗਾ।

5. ਹਰ ਵਿਭਾਗ ਦਾ ਮੁੱਖੀ ਆਪਣੇ ਵਿਭਾਗ ਵੱਲੋਂ ਫਰਾਹਮ ਕੀਤੀ ਕਰਜ਼ੇ ਦੀ ਰਾਸ਼ੀ ਅਤੇ ਕੀਤੀ ਗਈ ਰਿਕਵਰੀ ਦਾ ਮਿਲਾਣ ਮਹਾਂਲੇਖਾਕਾਰ ਪੰਜਾਬ ਨਾਲ ਕਰਨਾ ਯਕੀਨੀ ਬਣਾਉਣਗੇ। ਇਹ ਕਰਜ਼ਾ ਉਨ੍ਹਾਂ ਦਰਜਾ-4 (ਗਰੁੱਪ-ਡੀ) ਕਰਮਚਾਰੀਆਂ ਨੂੰ ਦਿੱਤਾ ਜਾਵੇਗਾ, ਜੋ ਇਸ ਲਈ ਅਪਲਾਈ ਕਰਨਗੇ।

ਮਿਤੀ:30.10.2020

ਕੇ.ਏ.ਪੀ. ਸਿਨਹਾ, ਆਈ.ਏ.ਐਸ.
ਪ੍ਰਮੁੱਖ ਸਕੱਤਰ ਵਿੱਤ, ਵਿੱਤ ਵਿਭਾਗ, ਪੰਜਾਬ

Scanned with CamScanner

ਪਿੱਠ ਅੰਕਣ ਨੰ: ਵਿ:ਵਿ: ਕਰਜ਼ਾ-ਤ.ਅ.(ਕਰਜ਼ਾ)/93/2020/ 7216-7217 ਮਿਤੀ: 02.11.2020

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
2. ਪ੍ਰਮੁੱਖ ਮਹਾਂਲੇਖਾਕਾਰ (ਏ ਅਤੇ ਈ), ਪੰਜਾਬ, ਚੰਡੀਗੜ੍ਹ।

ਡਿਪਟੀ ਡਾਇਰੈਕਟਰ (ਪੜਤਾਲ)

ਪਿੱਠ ਅੰਕਣ ਨੰ: ਵਿ:ਵਿ: ਕਰਜ਼ਾ-ਤ.ਅ.(ਕਰਜ਼ਾ)/93/2020/ 7218 ਮਿਤੀ: 02.11.2020

ਇੱਕ ਉਤਾਰਾ ਪੰਜਾਬ ਰਾਜ ਦੇ ਜ਼ਿਲ੍ਹਾ ਖਜ਼ਾਨਾ ਅਫਸਰਾਂ/ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਪੜਤਾਲ)

ਪਿੱਠ ਅੰਕਣ ਨੰ: ਵਿ:ਵਿ: ਕਰਜ਼ਾ-ਤ.ਅ.(ਕਰਜ਼ਾ)/93/2020/ 7219-7220 ਮਿਤੀ: 02.11.2020

ਇੱਕ ਉਤਾਰਾ:-

1. ਰੈਜ਼ੀਡੈਂਟ, ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ-ਦਿੱਲੀ।
2. ਸਹਾਇਕ ਤਨਖਾਹ ਅਤੇ ਲੇਖਾ ਅਫਸਰ, ਪੰਜਾਬ ਭਵਨ, ਨਵੀਂ-ਦਿੱਲੀ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ (ਪੜਤਾਲ)

ਪਿੱਠ ਅੰਕਣ ਨੰ: ਵਿ:ਵਿ: ਕਰਜ਼ਾ-ਤ.ਅ.(ਕਰਜ਼ਾ)/93/2020/ 7221-7222 ਮਿਤੀ: 02.11.2020

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਡਿਪਟੀ ਡਾਇਰੈਕਟਰ (ਪੜਤਾਲ)

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਨੰ: ਵਿ:ਵਿ: ਕਰਜ਼ਾ-ਤ.ਅ.(ਕਰਜ਼ਾ)/93/2020/ 7223-25 ਮਿਤੀ: 02.11.2020

Scanned with CamScanner